**CLASS : 10th (Secondary)** **Code No. 1110**

**Series : Sec/Annual Exam.-2024**

*Roll No.* | | | | | | | | | | |

***SET : C***

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ* ***8*** *ਅਤੇ ਪ੍ਰਸ਼ਨ* ***12*** *ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ* ***ਕੋਡ ਨੰ.*** *ਅਤੇ* ***ਸੇਟ*** *ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।* ***ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**1.** ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਨੁੱਖੀ ਸਰੀਰ ਕੰਮ ਕਰਨ ਲਈ ਬਣਿਆ ਹੈ। ਜਿਹੜਾ ਸਰੀਰ ਮੁਸ਼ੱਕਤ ਵਿੱਚ ਪੈਂਦਾ ਹੈ, ਕਦੇ ਵੀ ਰੋਗੀ ਨਹੀਂ ਬਣ ਸਕਦਾ। ਜਿਹੜਾ ਸਰੀਰ ਕੰਮ ਨਹੀਂ ਕਰਦਾ, ਉਹ ਕੁਦਰਤ ਦੇ ਵਿਰੁੱਧ ਹੈ। ਕੰਮ ਹੀ ਸਾਡੇ ਸਰੀਰ ਨੂੰ ਸੁਖੀ ਅਤੇ ਅਰੋਗ ਬਣਾ ਸਕਦਾ ਹੈ। ਕੰਮ ਨਾ ਕਰਨ ਵਾਲੇ ਮੱਨੁਖ ਨੂੰ ਕੋਈ ਪਸੰਦ ਨਹੀਂ ਕਰਦਾ। ਭਾਰਤ ਵਿੱਚ ਕੰਮ ਨੂੰ ਹੀ ਪੂਜਾ ਮੰਨਿਆ ਜਾਂਦਾ ਹੈ।

(i) ਢੁਕਵਾਂ ਸਿਰਲੇਖ ਲਿਖੋ। 1

(ii) ਮਨੁੱਖੀ ਸਰੀਰ ਕਿਸ ਲਈ ਬਣਿਆ ਹੈ? 2

(iii) ਕਿਹੜਾ ਸਰੀਰ ਕਦੇ ਵੀ ਰੋਗੀ ਨਹੀਂ ਬਣਦਾ? 2

**2.** (i) ਕਿਰਿਆ ਕਿੰਨੀ ਪ੍ਰਕਾਰ ਦੀ ਹੁੰਦੀ ਹੈ? 1

(ii) ਸੁਰਜੀਤ ਫੁੱਟਬਾਲ ਖੇਡਦਾ ਹੈ। (ਰੇਖਾਂਕਿਤ ਅੱਖਰ ਦਾ ਨਾਂਵ ਚੁਣੋ) 1

(iii) 'ਸਾਰ' ਪਿਛੇਤਰ ਤੋਂ ਇੱਕ ਸ਼ਬਦ ਬਣਾਉ। 1

(iv) 'ਬਦ' ਅਗੇਤਰ ਤੋਂ ਇੱਕ ਸ਼ਬਦ ਬਣਾਉ। 1

(v) ਉਹ ਬੜਾ ਜ਼ਿੱਦੀ ਵੀ ਹੈ ਤੇ ਮੂਰਖ ਵੀ। (ਸਧਾਰਨ ਵਾਕ ਬਣਾਉ) 1

(vi) ਚੰਗੇ ਲੋਕ ਦੂਜਿਆਂ ਦਾ ਭਲਾ ਕਰਦੇ ਹਨ। (ਨਾਂਹਵਾਚਕ ਵਾਕ ਬਣਾਉ) 1

**3.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਕਾਰਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ੳ) ਚਾਰ (ਅ) ਪੰਜ

(ੲ) ਛੇ (ਸ) ਅੱਠ

(ii) ਸ਼ੁੱਧ ਸ਼ਬਦ ਚੁਣੋ :

(ੳ) ਬੋਹਤ

(ਅ) ਬਹੁਤ

(ੲ) ਬੋਤ੍ਰ

(ਸ) ਬੌਹਤ

(iii) 'ਉਹ ਦਿਨ ਡੁੱਬਾ ---------' ਅਖਾਣ ਪੂਰਾ ਕਰੋ।

(ੳ) ਜਦੋਂ ਘੋੜੀ ਚੜ੍ਹਿਆ ਕੁੱਬਾ

(ਅ) ਬਾਂਦਰ ਨੋਚੇ

(ੲ) ਸੌ ਫੱਫੇਕੁਟਣ

(ਸ) ਫਿੱਕਾ ਪਕਵਾਨ

(iv) ਜਿਰੜਾ ਸ਼ਬਦ ਨਾਂਵ ਦੀ ਥਾਂ ਤੇ ਵਰਤਿਆ ਜਾਵੇ, ਉਹ ਹੁੰਦਾ ਹੈ :

(ੳ) ਨਾਂਵ (ਅ) ਪੜਨਾਂਵ

(ੲ) ਕਿਰਿਆ (ਸ) ਵਿਸ਼ੇਸ਼ਣ

**4.** ਹੇਠ ਲਿਖੇ ਵਾਕ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 3

ਮਾਸਟਰ ਜੀ ਅੱਜ ਤੁਸੀਂ ਛੁੱਟੀਆਂ ਦਾ ਕੰਮ ਵੇਖਣਾ ਏ

**5.** ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ***ਇੱਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿੱਚ ਵਰਤੋਂ : 2

(i) ਹੱਥ ਪੀਲੇ ਕਰਨਾ

(ii) ਕੰਨ ਭਰਨਾ

**6.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ **200** ਸ਼ਬਦਾਂ ਦਾ ਲੇਖ ਲਿਖੋ : 5

(i) ਭਾਰਤ ਵਿੱਚ ਵੱਧ ਰਹੀ ਆਬਾਦੀ

**ਨੁਕਤੇ** : – ਸੰਸਾਰ ਦੀ ਸਮੱਸਿਆ, ਵਾਧੇ ਦੇ ਕਾਰਨ, ਘਟਾਉਣ ਦੇ ਸਾਧਨ, ਸਾਰ-ਅੰਸ਼।

(ii) ਮੋਬਾਈਲ ਫ਼ੋਨ-ਲਾਭ ਤੇ ਹਾਨੀਆਂ

**ਨੁਕਤੇ** : – ਸੰਚਾਰ ਦਾ ਹਰਮਨ-ਪਿਆਰਾ ਸਾਧਨ, ਨੌਜਵਾਨਾਂ ਵਿੱਚ ਵੱਧਦਾ ਪ੍ਰਚਲਨ, ਆਰਥਿਕ ਉੱਨਤੀ ਦਾ ਸਾਧਨ, ਦਿਲ-ਪਰਚਾਵੇ ਦਾ ਸਾਧਨ, ਸਿਹਤ ਲਈ ਹਾਨੀਕਾਰਕ।

(iii) ਵਿਦਿਆਰਥੀ ਤੇ ਨਸ਼ੇ

**ਨੁਕਤੇ** : – ਨਸ਼ਿਆਂ ਦਾ ਪਸਾਰ, ਨਸ਼ਾ-ਤੰਤਰ, ਹੋਸਟਲਾਂ ਦਾ ਦੂਸ਼ਿਤ ਵਾਤਾਵਰਣ, ਬੇਰੁਜ਼ਗਾਰੀ, ਬਾਹਰਲੇ ਅਸਰ, ਸਾਰ-ਅੰਸ਼।

**7.** ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ***ਇੱਕ*** ਪੱਤਰ ਲਿਖੋ : 5

ਆਪਣੇ ਰਾਜ ਦੇ ਮੁੱਖ ਮੰਤਰੀ ਨੂੰ ਇੱਕ ਚਿੱਠੀ ਰਾਹੀਂ ਬੇਨਤੀ ਕਰੋ ਕਿ ਤੁਹਾਡੇ ਸਕੂਲ ਵਿੱਚ ਪੰਜਾਬੀ ਅਧਿਆਪਕ ਦਾ ਪ੍ਰਬੰਧ ਕੀਤਾ ਜਾਵੇ।

**ਨੁਕਤੇ** : – ਸਤਿਕਾਰ ਯੋਗ, ਸਕੂਲ ਦਾ ਪਤਾ, ਨੌਵੀਂ ਤੋਂ ਬਾਰਹਵੀਂ ਦਾ ਪੰਜਾਬੀ ਅਧਿਆਪਕ ਨਹੀਂ, ਵਿਦਿਆਰਥੀਆਂ ਦੀ ਸੰਖਿਆ, ਪੜ੍ਹਾਈ ਦਾ ਨੁਕਸਾਨ, ਪ੍ਰਬੰਧ ਕਰਨ ਦੀ ਬੇਨਤੀ, ਧੰਨਵਾਦ।

**ਜਾਂ**

ਆਪਣੇ ਛੋਟੇ ਭਰਾ ਨੂੰ ਚਿੱਠੀ ਲਿਖੋ, ਜਿਸ ਵਿੱਚ ਉਸਨੂੰ ਕੰਪਿਊਟਰ ਦੀ ਉਪਯੋਗਤਾ ਤੇ ਮਹੱਤਤਾ ਦੱਸਦੇ ਹੋਏ ਇਸਦੀ ਸਿੱਖਿਆ ਲੈਣ ਲਈ ਸਲਾਹ ਦਿਓ।

**ਨੁਕਤੇ** : – ਪੇਪਰ ਖਤਮ, ਦਸਵੀਂ ਦਾ ਰਿਜ਼ਲਟ ਆਉਣ ਤੱਕ ਛੁੱਟੀਆਂ, ਸਮਾਂ ਬਰਬਾਦ ਨਾ ਕਰਕੇ, ਕੰਪਿਊਟਰ ਦੀ ਸਿਖਲਾਈ, ਉਸਦੀ ਉਪਯੋਗਿਤਾ ਤੇ ਮਹੱਤਤਾ, ਸਲਾਹ ਮੰਨਣ ਲਈ, ਕਾਮਯਾਬੀ ਦੀ ਉਮੀਦ।

**8.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ*** ਜਾਂ ***ਦੋ*** ਸ਼ਬਦਾਂ ਵਿੱਚ ਲਿਖੋ : 1 × 6 = 6

(i) ਭੇਸ ਵਟਾ ਕੇ ਲੋਕਾਂ ਵਿੱਚ ਕੌਣ ਜਾਂਦੇ ਹਨ?

(ii) ਰਾਮ ਭਜਨੀ ਤੋਂ ਸ਼ਾਮ ਦਾਸ ਕਿਸ ਚੀਜ਼ ਦੀ ਮੰਗ ਕਰਦਾ ਹੈ?

(iii) ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ?

(iv) ਬੱਚੇ ਦਾ ਹੱਥ ਕਿਸ ਨੇ ਤੋੜਿਆ?

(v) ਵਿਆਹ ਸਮੇਂ ਕੁੜੀ ਦੇ ਘਰ ਕਿਹੜੇ ਗੀਤ ਗਾਏ ਜਾਂਦੇ ਹਨ?

(vi) ਬੇਬੇ ਰਾਮ ਭਜਨੀ ਦੀ ਗੁਆਂਢਣ ਦਾ ਕੀ ਨਾਂ ਸੀ?

**9.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : 1 × 7 = 7

(i) ਬੀਬੀ ਭਾਨੀ ਦੇ ਪਿਤਾ ਦਾ ਕੀ ਨਾਂ ਸੀ?

(ੳ) ਗੁਰੂ ਰਾਮਦਾਸ (ਅ) ਗੁਰੂ ਅਰਜਨ

(ੲ) ਗੁਰੂ ਅੰਗਦ (ਸ) ਗੁਰੂ ਅਮਰਦਾਸ

(ii) ਕਿਸ ਨੇ ਕਿਹਾ ਸੀ ਮੇਰੇ ਮਰਨ ਉੱਤੇ ਛੁੱਟੀ ਦਾ ਐਲਾਨ ਨਹੀਂ ਕਰਨਾ?

(ੳ) ਡਾ. ਅਬਦੁਲ ਕਲਾਮ ਨੇ (ਅ) ਇੰਦਰਾ ਗਾਂਧੀ ਨੇ

(ੲ) ਰਾਜੀਵ ਗਾਂਧੀ ਨੇ (ਸ) ਮਿਲਖਾ ਸਿੰਘ ਨੇ

(iii) ਨਾਨਕ ਸਿੰਘ ਦਾ ਬਚਪਨ ਦਾ ਨਾਂ ਕੀ ਸੀ?

(ੳ) ਮੋਤੀ (ਅ) ਰਾਜੂ

(ੲ) ਪ੍ਰਕਾਸ਼ (ਸ) ਹੰਸ ਰਾਜ

(iv) ਸਤਿਗੁਰ ਦੀ ਸੇਵਾ ਕੌਣ ਨਹੀਂ ਕਰਦਾ?

(ੳ) ਮਨਮੁਖਿ (ਅ) ਗੁਰਮੁਖਿ

(ੲ) ਤਿਆਗੀ (ਸ) ਗ੍ਰਹਿਸਤੀ

(v) ਪੰਜ-ਪਾਣੀ ਕਿਸ ਨੂੰ ਕਿਹਾ ਗਿਆ ਹੈ ?

(ੳ) ਨਦੀ ਨੂੰ (ਅ) ਸਮੁੰਦਰ ਨੂੰ

(ੲ) ਦਰਿਆ ਨੂੰ (ਸ) ਪੰਜਾਬ ਨੂੰ

(vi) ਰਜਨੀ ਨੂੰ ਕਿਹੜੀ ਬੀਮਾਰੀ ਸੀ ?

(ੳ) ਦਮਾ (ਅ) ਕੈਂਸਰ

(ੲ) ਪੋਲੀਓ (ਸ) ਕਰੋਨਾ

(vii) ਪੇਪਰ ਖਤਮ ਹੋਣ ਮਗਰੋਂ ਮੀਨਾਕਸ਼ੀ ਕਿੱਥੇ ਗਈ ?

(ੳ) ਭੂਆ ਕੋਲ (ਅ) ਨਾਨੀ ਕੋਲ

(ੲ) ਸਹੇਲੀ ਕੋਲ (ਸ) ਕਿਤੇ ਵੀ ਨਹੀਂ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ : $2 \times 8 = 16$

(i) ਬੁੱਢੀ ਅੰਮਾ ਨੇ ਰੋਹਿਤ ਨੂੰ ਕਿਨੂੰ ਕਿਉਂ ਲੈ ਕੇ ਦਿੱਤੇ ਸਨ ?

(ii) ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ?

(iii) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ ਵਿੱਚ ਹਿੱਸਾ ਲਿਆ ਤੇ ਕਿੰਨਿਆਂ ਵਿੱਚ ਜਿੱਤ ਪ੍ਰਾਪਤ ਕੀਤੀ ?

(iv) ਡਾ. ਅਬਦੁਲ ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ ?

(v) ਦਸਵੰਧ ਤੋਂ ਕੀ ਭਾਵ ਹੈ ?

(vi) ਨੈਪੋਲੀਅਨ ਬੋਨਾਪਾਰਟ ਆਪਣੀ ਨੀਂਦ ਕਿਵੇਂ ਪੂਰੀ ਕਰ ਲੈਂਦਾ ਸੀ ?

(vii) ਘਾਹ ਦੇ ਮੈਦਾਨ ਵਿੱਚ ਲੇਖਕ ਨੂੰ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ?

(viii) ਦੋਹਾਂ ਗੁਆਂਢਣਾਂ ਵਿੱਚ ਲੜਾਈ ਦਾ ਕੀ ਕਾਰਨ ਸੀ ?

**11.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਦੱਸਕੇ ਵਿਆਖਿਆ ਕਰੋ : 3

ਰੁੱਖ ਹੁੰਦੇ ਸਾਧੂ ਸੰਨਿਆਸੀ, ਕਰਦੇ ਪਰਉਪਕਾਰ
ਜੀਵਨ ਬੰਦੇ ਲਈ ਸਮਰਪਿਤ, ਇਸ ਦਾ ਹੈ ਕਿਰਦਾਰ
ਗਰਮੀ, ਸਰਦੀ, ਝੱਖੜ ਸਹਿੰਦੇ, ਸਹਿੰਦੇ ਗਰਮ ਹਵਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਵਾਂ।

**ਜਾਂ**

ਤਨ-ਮਨ ਆਪਣਾ ਪੁਰਜੇ ਕੀਤਾ,

ਤੈਨੂੰ ਮਿਹਰ ਨਾ ਆਈਆ ਮੀਤਾ,

ਅਸਾਨੂੰ ਹੋਰ ਉਜਰ ਨਾ ਕੋਈ,

ਚਾਰਾ ਕਿਆ ਨਿਮਾਣੀ ਦਾ।

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **30-35** ਸ਼ਬਦਾਂ ਵਿੱਚ ਲਿਖੋ : $3 \times 6 = 18$

(i) ਬੇਬੇ ਰਾਮ ਭਜਨੀ ਦਾ ਚਰਿੱਤਰ ਚਿੱਤਰਨ ਕਰੋ ?

**ਜਾਂ**

ਸ਼ਾਮ ਦਾਸ ਦਾ ਚਰਿੱਤਰ ਚਿੱਤਰਨ ਕਰੋ ?

(ii) 'ਰਾਜਿਆ ਰਾਜ ਕਰੇਂਦਿਆ' ਇਕਾਂਗੀ ਦਾ ਕੀ ਉਦੇਸ਼ ਹੈ ?

**ਜਾਂ**

ਰਾਜਾ ਤੇ ਵਜ਼ੀਰ ਕੋਤਵਾਲੀ ਵਿੱਚ ਕੀ ਦੇਖਦੇ ਹਨ ?

(iii) ਗੁਰੂ ਉਪਦੇਸ਼ ਕਵਿਤਾ ਦਾ ਕੇਂਦਰੀ ਭਾਵ ਲਿਖੋ।

**ਜਾਂ**

'ਮਾਣ ਪੰਜਾਬੀ ਦਾ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

(iv) ਪੰਜਾਬ ਵਿੱਚ ਘਟਦੇ ਜ਼ਮੀਨ ਹੇਠਲੇ ਪਾਣੀ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ ?

**ਜਾਂ**

ਗੂੜ੍ਹੀ ਨੀਂਦ ਸੌਣ ਨਾਲ ਕੀ ਹੁੰਦਾ ਹੈ ?

(v) 'ਈਅਰਫੋਨ' ਕਹਾਣੀ ਵਿੱਚ ਈਅਰਫੋਨ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ?

**ਜਾਂ**

ਜੇਕਰ ਰਜਨੀ ਦੀ ਥਾਂ ਤੁਸੀਂ ਇਸ ਸੰਕਟ ਵਿੱਚ ਫਸ ਜਾਂਦੇ, ਤਾਂ ਤੁਸੀਂ ਕੀ ਕਰਦੇ?

(vi) ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ?

**ਜਾਂ**

ਨਾਨਕ ਸਿੰਘ ਦੇ ਬਚਪਨ ਬਾਰੇ ਤੁਸੀਂ ਕੀ ਜਾਣਦੇ ਹੋ?